ਜ਼ਿਲਾ ਮੈਜਿਸਟਰੇਟ, ਕਪੂਰਥਲਾ।
Tele. No. 01822-233777-O, 233776-R, 233393-F
Email ID dckapurthala@gmail.com

## ਹੁਕਮ

(COVID-19) ਕਰੋਨਾ ਵਾਇਰਸ ਦੇ ਫੈਲਣ ਤੋਂ ਬਚਾਅ ਸਬੰਧੀ ਇਸ ਦਫ਼ਤਰ ਦੇ ਹੁਕਮ ਪਿੱਠ ਅੰਕਣ ਨੰ: 1251-1287/ਐਮ.ਏ ਮਿਤੀ 23-3-2020 ਰਾਹੀਂ ਲਗਾਏ ਗਏ ਕਰਫਿਊ ਅਤੇ ਪਿੱਠ ਅੰਕਣ ਨੰ: 1666-1716/ਐਮ.ਏ ਮਿਤੀ 24-3-2020, ਪਿੱਠ ਅੰਕਣ ਨੰ: 1717-98/ਐਮ.ਏ. ਮਿਤੀ 24-3-2020, ਪਿੱਠ ਅੰਕਣ ਨੰ: 1799-1860/ਐਮ.ਏ ਮਿਤੀ 25-3-2020, 1861-1992/ਐਮ.ਏ ਮਿਤੀ 26-3-2020 ਪਿੱਠ ਅੰਕਣ ਨੰ: 1387-1449/ਐਮ.ਏ ਮਿਤੀ 28-3-2020, ਪਿੱਠ ਅੰਕਣ ਨੰ: 1503-55/ਐਮ.ਏ ਮਿਤੀ 29-3-2020, ਪਿੱ:ਅੰ:ਨੰ: 1754-1805/ਐਮ.ਏ. ਮਿਤੀ: 04-04-2020 ਅਤੇ ਪਿੱ:ਅੰ:ਨੰ: 1807-1864/ ਐਮ.ਏ.ਮਿਤੀ: 05-04-2020 ਰਾਹੀਂ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕਰਫਿਊ ਦੌਰਾਨ ਛੋਟ ਦਿੱਤੀ ਗਈ ਸੀ, ਦੀ ਲਗਾਤਾਰਤਾ ਵਿਚ ਹੇਠ ਲਿਖੇ ਅਨੁਸਾਰ ਹੁਕਮ ਕੀਤਾ ਜਾਂਦਾ ਹੈ:-

ਜ਼ਿਲਾ ਕਪੂਰਥਲਾ ਦੀ ਹਦੂਦ ਅੰਦਰ ਮੈਡੀਕਲ ਲੈਬੋਟਰੀਆਂ ਰੋਜ਼ਾਨਾਂ ਸਵੇਰੇ 05:00 ਤੋਂ ਸਵੇਰੇ 08:00 ਵਜੇ (3 ਘੰਟੇ) ਤੱਕ ਖੁੱਲੇ ਰੱਖਣ ਦੀ ਆਗਿਆ ਦਿੱਤੀ ਜਾਂਦੀ ਹੈ। **ਲੈਬੋਟਰੀ ਮਾਲਕ (COVID-19) ਕਰੋਨਾ ਵਾਇਰਸ ਮਹਾਮਾਰੀ ਦੀ ਰੋਕਥਾਮ ਲਈ ਭਾਰਤ ਸਰਕਾਰ/ ਪੰਜਾਬ ਸਰਕਾਰ/ ਵੱਖ-ਵੱਖ ਸਿਹਤ ਅਥਾਰਟੀਆਂ ਅਤੇ ਜਿਲ੍ਹਾ ਪ੍ਰਸ਼ਾਸਨ ਵੱਲੋਂ ਸਮੇਂ-ਸਮੇਂ ਤੇ ਕੋਵਿਡ-19 ਦੀ ਰੋਕਥਾਮ ਸਬੰਧੀ ਜਾਰੀ ਹਦਾਇਤਾਂ/ ਹੁਕਮਾਂ ਦੀ ਪਾਲਣਾ ਕੀਤੇ ਜਾਣ ਨੂੰ ਯਕੀਨੀ ਬਣਾਉਗੇ। ਲੈਬੋਟਰੀ ਮਾਲਕ ਆਪਣੀ ਲੈਬੋਟਰੀ ਨੂੰ ਸਾਫ-ਸੁਥਰਾ ਰੱਖਣਗੇ, ਲੈਬੋਟਰੀ ਮਾਲਕ ਅਤੇ ਲੈਬੋਟਰੀ ਸਟਾਫ ਨੂੰ ਫੇਸ ਮਾਸਕ, ਹੱਥ ਦਸਤਾਨੇ ਪਹਿਣਨੇ ਜਰੂਰੀ ਹੋਣਗੇ ਅਤੇ ਸਮੇਂ-ਸਮੇਂ ਤੇ ਲੈਬੋਟਰੀ ਨੂੰ ਸੈਨੀਟਾਈਜ ਕਰਨਗੇ। ਲੈਬੋਟਰੀ ਵਿੱਚ ਆਉਣ ਵਾਲੇ ਗ੍ਰਾਹਕ ਨੂੰ ਲੈਬੋਟਰੀ ਵਿੱਚ ਦਾਖਲ ਹੋਣ ਤੋਂ ਪਹਿਲਾਂ ਉਸ ਦੇ ਹੱਥ ਨੂੰ Hand Sanitizerਨਾਲ ਸੈਨੀਟਾਜ਼ ਕਰਨਗੇ। ਸਮਾਜਿਕ ਦੂਰੀ (Social Distancing) (ਘੱਟੋ-ਘੱਟ 2 ਮੀਟਰ) ਦੀ ਪਾਲਣਾ ਕਰਨੀ ਯਕੀਨੀ ਬਣਾਉਣਗੇ ਅਤੇ ਲੈਬੋਟਰੀ ਦੇ ਅੰਦਰ ਤੇ ਬਾਹਰ ਲਾਈਨ ਲਗਾਉਣ ਲਈ 2 ਮੀਟਰ ਦੇ ਫਾਸਲੇ ਨਾਲ ਘੇਰਾ ਲਗਾਉਣ ਨੂੰ ਯਕੀਨੀ ਬਣਾਉਣਗੇ।**

ਇਸ ਹੁਕਮ ਦਾ ਪ੍ਰਚਾਰ ਜਿਲ੍ਹਾ ਲੋਕ ਸੰਪਰਕ ਅਫ਼ਸਰ, ਕਪੂਰਥਲਾ ਪ੍ਰਚਾਰ ਵੈਨ/ ਦੂਰਦਰਸ਼ਨ/ ਪ੍ਰੈਸ ਮਾਧਿਅਮ ਰਾਹੀਂ ਪ੍ਰਚਾਰ ਕਰਵਾ ਕੇ ਪੁਲਿਸ ਸਟੇਸ਼ਨ/ ਨਗਰ ਨਿਗਮ, ਉਪ ਮੰਡਲ ਮੈਜਿਸਟਰੇਟਸ/ ਤਹਿਸੀਲਦਾਰਾਂ ਅਤੇ ਸਦਰ ਮੁਕਾਮਾਂ ਤੇ ਨੋਟਿਸ ਬੋਰਡਾਂ ਤੇ ਇਸ ਹੁਕਮ ਦੀ ਚਸਪਾ ਲਾਗੂ ਕਰਕੇ ਕੀਤਾ ਜਾਵੇ।

ਇਹ ਹੁਕਮ ਅੱਜ ਮਿਤੀ 05-04-2020 ਨੂੰ ਮੇਰੇ ਹਸਤਾਖਰਾਂ ਤੇ ਮੋਹਰ ਅਦਾਲਤ ਨਾਲ ਜ਼ਾਰੀ ਕੀਤਾ ਗਿਆ।

-ਸਹੀ-
ਜਿਲ੍ਹਾ ਮੈਜਿਸਟਰੇਟ,
ਕਪੂਰਥਲਾ

ਪਿੱਠ ਅੰਕਣ ਨੰ: 1865-1922 /ਐਮ.ਏ ਮਿਤੀ: 05-04-2020

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ
2. ਗ੍ਰਹਿ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ
4. ਸਮੂਹ ਡਿਪਟੀ ਕਮਿਸ਼ਨਰ ਪੰਜਾਬ ਰਾਜ
5. ਸੀਨੀਅਰ ਪੁਲਿਸ ਕਪਤਾਨ, ਕਪੂਰਥਲਾ।
6. ਵਧੀਕ ਡਿਪਟੀ ਕਮਿਸ਼ਨਰ, ਫਗਵਾੜਾ/ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕਪੂਰਥਲਾ।
7. ਸਮੂਹ ਉਪ ਮੰਡਲ ਮੈਜਿਸਟਰੇਟਸ, ਜਿਲ੍ਹਾ ਕਪੂਰਥਲਾ
8. ਸਿਵਲ ਸਰਜਨ, ਕਪੂਰਥਲਾ/ ਡੀ.ਪੀ.ਆਰ.ਓ., ਕਪੂਰਥਲਾ।
9. ਜਿਲਾ ਖੁਰਾਕ ਤੇ ਸਪਲਾਈ ਕੰਟਰੋਲਰ, ਕਪੂਰਥਲਾ/ ਡੀ.ਡੀ.ਪੀ.ਓ., ਕਪੂਰਥਲਾ
10. ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਕਪੂਰਥਲਾ
11. ਮੁੱਖ ਖੇਤੀਬਾੜੀ ਅਫ਼ਸਰ, ਕਪੂਰਥਲਾ/ ਡਿਪਟੀ ਡਾਇਰੈਕਟਰ, ਬਾਗਬਾਨੀ, ਕਪੂਰਥਲਾ।
12. ਸਮੂਹ ਤਹਿਸੀਲਦਾਰ, ਜਿਲ੍ਹਾ ਕਪੂਰਥਲਾ
13. ਸੁਪਰਡੰਟ ਗਰੇਡ-1/ਪੀ.ਏ. ਟੂ ਡੀ.ਐਮ/ਸਟੈਨੋ ਟੂ ਏ.ਡੀ.ਐਮ/ਸਟੈਨੋ ਟੂ ਏ.ਸੀ.(ਜ)/ ਡੀ.ਆਰ.ਓ

ਵਾਸਤੇ ਜਿਲ੍ਹਾ ਮੈਜਿਸਟਰੇਟ,
ਕਪੂਰਥਲਾ ।

Scanned with CamSca